ਦਫ਼ਤਰ ਡਾਇਰੈਕਟਰ ਰਾਜ ਵਿਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ.ਨਗਰ, ਮੁਹਾਲੀ
ਫੋਨ ਨੰ: 0172-2212221, ਈਮੇਲ: directorscert@yahoo.in

## ਨੋਟਿਸ

ਮੀਮੋ ਨੰ: ਕੇ.ਡਬਲਿਯੂ. 2/1-2017 ਪ੍ਰੀ(3)
ਮਿਤੀ ਐਸ.ਏ.ਐਸ.ਨਗਰ: 25-8-2017

ਵਿਸ਼ਾ: ਡੀ.ਐਲ.ਐਡ.(ਈ.ਟੀ.ਟੀ.) ਕੋਰਸ ਦੇ ਸੈਸ਼ਨ 2017-19 ਦੇ ਦਾਖਲੇ ਸਬੰਧੀ ਸੈਲਫ ਫਾਈਨਾਂਸਡ ਕਾਲਜਾਂ ਵਿਰੁੱਧ ਪ੍ਰਾਪਤ ਹੋ ਰਹੀਆਂ ਸ਼ਿਕਾਇਤਾਂ ਬਾਰੇ।

ਡੀ.ਐਲ.ਐਡ.(ਈ.ਟੀ.ਟੀ.) ਕੋਰਸ ਦੇ ਸੈਸ਼ਨ 2017-19 ਵਿੱਚ ਦਾਖਲਾ ਲੈਣ ਵਾਲੇ ਸਿੱਖਿਆਰਥੀਆਂ ਤੋਂ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ ਕਿ ਦਾਖਲਿਆਂ ਦੀ ਪਹਿਲੀ ਕੌਂਸਲਿੰਗ ਦੌਰਾਨ ਉਨ੍ਹਾਂ ਨੂੰ ਪ੍ਰਾਈਵੇਟ ਕਾਲਜ ਅਲਾਟ ਹੋਏ ਸਨ। ਪਹਿਲੀ ਕੌਂਸਲਿੰਗ ਰੱਦ ਹੋਣ ਉਪਰੰਤ ਦੁਬਾਰਾ ਹੋਈ ਕੌਂਸਲਿੰਗ ਦੌਰਾਨ ਉਨ੍ਹਾਂ ਨੂੰ ਸਰਕਾਰੀ ਡਾਈਟ ਜਾਂ ਹੋਰ ਕਿਸੇ ਸੈਲਫ ਫਾਈਨਾਸਡ ਕਾਲਜ ਅੰਦਰ ਸੀਟ ਅਲਾਟ ਹੋਈ ਹੈ। ਪ੍ਰੰਤੂ ਹੁਣ ਬਹੁਤ ਸਾਰੇ ਪ੍ਰਾਈਵੇਟ ਕਾਲਜ ਸਿੱਖਿਆਰਥੀਆਂ ਤੋਂ ਪਹਿਲੀ ਕਾਊਂਸਲਿੰਗ ਦੌਰਾਨ ਲਈ ਗਈ ਫੀਸ ਦੀ ਰਾਸ਼ੀ ਦੀ ਵਾਪਸੀ/ਐਡਜਸਟਮੈਂਟ ਨਹੀਂ ਕਰ ਰਹੇ।

ਇਸ ਲਈ ਸਮੂਹ ਸੈਲਫ ਫਾਈਨਾਂਸਡ ਕਾਲਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਡੀ.ਐਲ.ਐਡ.(ਈ.ਟੀ.ਟੀ.) ਕੋਰਸ ਦੇ ਸੈਸ਼ਨ 2017-19 ਵਿੱਚ ਦਾਖਲਾ ਲੈਣ ਵਾਲੇ ਕਿਸੇ ਸਿੱਖਿਆਰਥੀਆਂ ਨੂੰ ਉਨ੍ਹਾਂ ਦੀ ਸੰਸਥਾ ਵਿੱਚ ਸੀਟ ਅਲਾਟ ਨਹੀਂ ਹੋਈ, ਪ੍ਰੰਤੂ ਕਾਲਜ ਵੱਲੋਂ ਸਿੱਖਿਆਰਥੀ ਤੋਂ ਪਹਿਲੀ ਕਾਊਂਸਲਿੰਗ ਦੌਰਾਨ ਫੀਸ/ਰਾਸ਼ੀ ਲਈ ਗਈ ਹੈ ਤਾਂ ਸਿੱਖਿਆਰਥੀ ਦੀ ਪੂਰੀ ਰਾਸ਼ੀ ਨਵੇਂ ਅਲਾਟ ਕੀਤੇ ਕਾਲਜ ਵਿੱਚ ਐਡਜਸਟ ਕੀਤੀ ਜਾਵੇ ਜਾਂ ਸਿੱਖਿਆਰਥੀ ਨੂੰ ਵਾਪਸ ਕੀਤੀ ਜਾਵੇ।

ਸਿੱਖਿਆਰਥੀ ਦੀ ਰਾਸ਼ੀ ਵਾਪਸ/ਐਡਜਸਟ ਨਾ ਕਰਨ ਦੀ ਸੂਰਤ ਵਿੱਚ ਅਜਿਹੇ ਕਾਲਜਾਂ ਨੂੰ ਨੋਟਿਸ ਜਾਰੀ ਕਰਕੇ ਕਾਲਜ ਦੀ ਡੀ.ਐਲ.ਐਡ.(ਈ.ਟੀ.ਟੀ.) ਕੋਰਸ ਦੀ ਐਫੀਲੀਏਸ਼ਨ ਰੱਦ ਕਰਨ ਦੀ ਕਾਰਵਾਈ ਅਰੰਭੀ ਜਾਵੇਗੀ।

ਡਾਇਰੈਕਟਰ ਐਸ.ਸੀ.ਈ.ਆਰ.ਟੀ. 25/8/17
ਪੰਜਾਬ